ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ,

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।
2. ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ।

ਮੀਮੋ ਨੰ: 12/3/2002-ਰਰ-2/ 2893
ਮਿਤੀ, ਚੰਡੀਗੜ੍ਹ 4-3-2003.

ਵਿਸ਼ਾ :- ਅੱਤਵਾਦ ਤੋ ਪ੍ਰਭਾਵਿਤ ਵਿਧਵਾਵਾਂ ਜਿਨ੍ਹਾਂ ਦੇ ਨੌਮੀਨੀ ਨੂੰ ਨੌਕਰੀ ਮਿਲ ਗਈ ਹੋਵੇ, ਦਾ ਗੁਜ਼ਾਰਾ ਭੱਤਾ ਜਾਰੀ ਰੱਖਣ ਬਾਰੇ।

---

ਇਸ ਵਿਭਾਗ ਦੇ ਪੱਤਰ ਨੰ: 6/221/96-ਰਰ2/17490, ਮਿਤੀ 31-12-1996 ਰਾਹੀ ਸਪੱਸ਼ਟ ਕੀਤਾ ਗਿਆ ਸੀ ਕਿ ਜੇਕਰ ਵਿਧਵਾਵਾਂ ਦੇ ਨੌਮੀਨੀ (ਭਾਵ ਲੜਕਾ ਜਾਂ ਲੜਕੀ) ਨੂੰ ਤਰਸ ਦੇ ਆਧਾਰ ਤੇ ਨੌਕਰੀ ਮਿਲ ਜਾਂਦੀ ਹੈ ਤਾਂ ਉਨ੍ਹਾਂ ਵਿਧਵਾਵਾਂ ਦਾ ਗੁਜ਼ਾਰਾ ਭੱਤਾ ਮਿਤੀ 1.1.1997 ਤੋ ਚਾਲੂ ਕੀਤਾ ਜਾਵੇ, ਪਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਨ੍ਹਾਂ ਹਦਾਇਤਾਂ ਦੇ ਬਾਵਜੂਦ ਵੀ ਕੁਝ ਵਿਧਵਾਵਾਂ ਨੂੰ ਗੁਜ਼ਾਰਾ ਭੱਤਾ ਨਹੀ ਮਿਲ ਰਿਹਾ।

2. ਇਸ ਲਈ ਆਪ ਨੂੰ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਵਿਧਵਾਵਾਂ ਦੇ ਕਿਸੇ ਨੌਮੀਨੀ ਨੂੰ ਤਰਸ ਦੇ ਆਧਾਰ ਤੇ ਨੌਕਰੀ ਮਿਲ ਜਾਂਦੀ ਹੈ ਤਾਂ ਉਨ੍ਹਾਂ ਵਿਧਾਵਾਂਦਾ ਗੁਜ਼ਾਰਾ ਭੱਤਾ (ਮਿਤੀ 1.1.97) ਤੋ ਚਾਲੂ ਰੱਖਿਆ ਜਾਂਦਾ ਹੈ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨੌਮੀਨੀ ਦੀ ਨੌਕਰੀ ਤੇ ਹੋਣ ਵਾਲੀ ਆਮਦਨ ਨੂੰ, ਵਿਧਵਾ ਨੂੰ ਗੁਜ਼ਾਰਾ ਭੱਤਾ ਦੇਣ ਲਈ ਉਸ ਦੀ ਆਮਦਨ ਨਾ ਮੰਨਿਆ ਜਾਵੇ, ਕਿਉਂਕਿ ਇਸ ਵਿਭਾਗ ਦੀਆਂ ਹਦਾਇਤਾਂ ਨੰ: 8/314/96-ਰਰ2/7194, ਮਿਤੀ 2.6.98 ਅਨੁਸਾਰ ਵਿਧਵਾਵਾਂ ਨੂੰ ਵਿਅਕਤੀਗਤ ਯੂਨਿਟ ਮੰਨਿਆ ਗਿਆ ਹੈ।

3. ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।
3-3-03

****/*